12-5-96

# ਕਲਾ ਦੇ ਝਰੋਖੇ ਤੋਂ

**ਗੁਰਸ਼ਰਨ ਸਿੰਘ**

**'ਸਮਦਰਸ਼ੀ' ਦਾ ਲੰਬੀ ਕਹਾਣੀ ਵਿਸ਼ੇਸ਼ ਅੰਕ:** ਪੰਜਾਬੀ ਅਕਾਦਮੀ ਦਿੱਲੀ ਵਲੋਂ ਪ੍ਰਕਾਸ਼ਤ 'ਸਮਦਰਸ਼ੀ' ਦਾ 42ਵਾਂ ਅੰਕ ਲੰਬੀ ਕਹਾਣੀ ਵਿਸ਼ੇਸ਼ ਅੰਕ ਹੈ। ਲੰਬੀ ਕਹਾਣੀ ਦਾ ਜਦੋਂ ਜ਼ਿਕਰ ਆਉਂਦਾ ਹੈ ਤਾਂ ਵਰਿਆਮ ਸਿੰਘ ਸੰਧੂ ਦਾ ਨਾਂ ਉਸ ਵਿਧਾ ਨਾਲ ਮੁੱਖ ਤੌਰ 'ਤੇ ਜੁੜਦਾ ਹੈ ਜਿਸ ਨੇ 'ਭੱਜੀਆਂ ਬਾਹੀਂ', 'ਮੈਂ ਹੁਣ ਠੀਕ ਠਾਕ ਹਾਂ', 'ਚੌਥੀ ਕੂਟ'' ਵਰਗੀਆਂ ਇਕ ਤੋਂ ਬਾਅਦ ਇਕ ਸ਼ਾਹਕਾਰ ਕਹਾਣੀਆਂ ਇਸ ਵਿਧਾ ਵਿਚ ਦਿੱਤੀਆਂ। ਹੁਣ ਲੰਮੀ ਕਹਾਣੀ ਲਿਖਣਾ ਇਕ ਰਿਵਾਜ ਜਿਹਾ ਬਣ ਗਿਆ ਹੈ। ਕਈ ਵਾਰ ਪਾਠਕ ਨੂੰ ਅਕੇਵਾਂ ਵੀ ਹੋ ਜਾਂਦਾ ਹੈ ਕਿ ਜਿਹੜੀ ਗੱਲ ਚਾਰ-ਪੰਜ ਸਫਿਆਂ ਵਿਚ ਕਹੀ ਜਾ ਸਕਦੀ ਹੈ ਉਹਨੂੰ ਲੰਮੀ ਕਹਾਣੀ ਬਣਾਉਣ ਲਈ ਐਵੇਂ ਲਮਕਾ ਦਿੱਤਾ ਜਾਂਦਾ ਹੈ। 'ਸਮਦਰਸ਼ੀ' ਦਾ ਲੰਬੀ ਕਹਾਣੀ ਵਿਸ਼ੇਸ਼ ਅੰਕ ਇਸ ਦੀ ਮਿਸਾਲ ਹੈ।

ਇਸ ਵਿਚ 16 ਕਹਾਣੀਕਾਰਾਂ ਦੀਆਂ ਕਹਾਣੀਆਂ ਸ਼ਾਮਲ ਹਨ। ਨਾਂ ਹਨ ਵਗਦੇ ਪਾਣੀ/ ਦਲਬੀਰ ਚੇਤਨ, ਹਾਦਸੇ, ਹਵਾਲੇ ਤੇ ਸਲੀਬਾਂ/ ਬਲਜੀਤ ਕੌਰ ਬੱਲੀ, ਆਪਣੀ ਆਪਣੀ ਥਾਂ/ ਬਲਦੇਵ ਸਿੰਘ, ਪਛਾਣ/ ਜਰਨੈਲ ਸਿੰਘ, ਨਿਆਜ਼/ ਅਵਤਾਰ ਸਿੰਘ ਬਿਲਿੰਗ, ਪਰਿਵਰਤਨ/ ਗੁਰਮੇਲ ਮਡਾਹੜ, ਸੁਪਨੇ ਤੇ ਸੌਦਾਗਰ/ ਬਲਵੰਤ ਅਟਵਾਲ, ਝਾਂਜਰ/ ਲਾਲ ਸਿੰਘ, ਖਾਲੀ ਸਲੰਡਰ/ ਮੁਖਤਿਆਰ ਸਿੰਘ, ਭੁੱਖ/ ਮਹਿੰਦਰ ਫਾਰਗ, ਅਹਿਸਾਸ 'ਚ ਖੁਣਿਆਂ ਪ੍ਰਸ਼ਨ ਚਿੰਨ੍ਹ/ ਤਰਲੋਕ ਮਨਸੂਰ, ਵਿਰਸੇ ਦੇ ਆਰ ਪਾਰ/ ਭਗਵੰਤ ਰਸੂਲਪੁਰੀ, ਨਿੰਬੂਆਂ ਵਾਲਾ ਵਿਹੜਾ/ ਮਹਿਮਾ ਸਿੰਘ, ਚੁਬਾਰਾ/ ਜੋਗਿੰਦਰ ਸਿੰਘ ਨਿਰਾਲਾ, ਜੜ੍ਹਾਂ/ ਰਾਜਿੰਦਰ ਰਾਹੀ, ਨਦੀ (ਉਰਦੂ ਕਹਾਣੀ)/ ਅਬਦੁੱਲਾ ਹੁਸੈਨ। ਵਿਸ਼ਿਆਂ ਦੀ ਚੋਣ ਅਤੇ ਵੰਨਗੀ ਦੇ ਪ੍ਰਸੰਗ ਵਿਚ ਕਿਹਾ ਜਾ ਸਕਦਾ ਹੈ ਕਿ ਇਹ ਬਿਹਤਰੀਨ ਕਹਾਣੀਆਂ ਹਨ ਪਰ ਰਾਜਿੰਦਰ ਰਾਹੀ ਦੀ ਕਹਾਣੀ 'ਜੜ੍ਹਾਂ' ਅਤੇ ਅਬਦੁੱਲਾ ਹੁਸੈਨ ਦੀ ਕਹਾਣੀ 'ਨਦੀ' ਅਤੇ ਕੁਝ ਹੱਦ ਤਕ ਲਾਲ ਸਿੰਘ ਦੀ ਕਹਾਣੀ 'ਝਾਂਜਰ' ਹੀ ਐਸੀਆਂ ਕਹਾਣੀਆਂ ਹਨ ਜਿਨ੍ਹਾਂ ਦੇ ਵਿਸ਼ੇ ਲੰਬੀ ਕਹਾਣੀ ਦੇ ਅਨੁਕੂਲ ਹਨ ਤੇ ਜਿਨ੍ਹਾਂ ਦਾ ਨਿਭਾਅ ਲੰਬੀ ਕਹਾਣੀ ਦੀ ਵਿਧਾ ਦੀ ਮੰਗ ਕਰਦਾ ਹੈ। ਬਾਕੀ 13 ਕਹਾਣੀਆ ਸਾਧਾਰਨ ਕਹਾਣੀਆਂ ਦੀ ਵਿਧਾ ਅਨੁਸਾਰ ਹੋਣੀਆਂ ਚਾਹੀਦੀਆਂ ਸਨ। ਗੈਰਜ਼ਰੂਰੀ ਲਮਕਾ ਇਨ੍ਹਾਂ ਦੀ ਸਾਹਿਤਕ ਕੀਮਤ ਘਟਾਉਂਦਾ ਹੈ।

ਇਸ ਅੰਕ ਵਿਚ 'ਪਛਾਣ'/ ਜਰਨੈਲ ਸਿੰਘ, 'ਸੁਪਨੇ ਤੇ ਸੌਦਾਗਰ'/ ਬਲਵੰਤ ਅਟਵਾਲ, 'ਵਿੱਥਾਂ ਦੇ ਆਰ ਪਾਰ'/ ਭਗਵੰਤ ਰਸੂਲਪੁਰੀ ਆਦਿ ਕਹਾਣੀਆਂ ਨੂੰ ਮਾਡਲ ਮੰਨ ਕੇ ਲੰਮੀ ਕਹਾਣੀ ਦੀ ਵਿਧਾ ਤੇ ਵਿਸਥਾਰਪੂਰਬਕ ਗੋਸ਼ਟੀ ਹੋ ਸਕਦੀ ਹੈ। ਉਸ ਵਿਚ ਕੀਤਾ ਵਿਚਾਰ ਵਟਾਂਦਰਾ ਸਾਹਿਤ ਵਿਦਿਆਰਥੀਆਂ ਲਈ ਅਤੇ ਕਹਾਣੀ ਲੇਖਕਾਂ ਲਈ ਵੀ ਲਾਭਦਾਇਕ ਸਾਬਤ ਹੋ ਸਕਦਾ ਹੈ। ਸਮਕਾਲੀ ਪੰਜਾਬੀ ਸਾਹਿਤ ਦੇ ਪ੍ਰਸੰਗ ਵਿਚ ਇਹ ਅੰਕ ਸਾਂਭਣਯੋਗ ਹੈ।

**ਪਹਿਲੀ ਮਈ ਦਾ ਪਲੱਸ ਮੰਚ ਸਮਾਗਮ:** ਪੰਜਾਬੀ ਭਵਨ ਲੁਧਿਆਣਾ ਵਿਚ ਸਾਰੀ ਰਾਤ ਦਾ ਇਹ ਰਿਕਾਰਡ ਤੋੜ ਹਾਜ਼ਰੀ ਵਾਲਾ ਸਭਿਆਚਾਰਕ ਸਮਾਗਮ ਕਲਾ ਦੇ ਖੇਤਰ ਵਿਚ ਇਕ ਮਹੱਤਵਪੂਰਨ ਸਮਾਗਮ ਹੈ। ਇਸ ਵਿਚ ਪੰਜਾਬ ਦੇ ਕੋਨੇ ਕੋਨੇ ਤੋਂ ਆਈਆਂ ਛੇ ਨਾਟਕ ਟੀਮਾਂ ਅਤੇ ਸੰਗੀਤ ਮੰਡਲੀਆਂ ਨੇ ਹਿੱਸਾ ਲਿਆ।

ਸਮਾਗਮ ਵਿਚ ਚੰਡੀਗੜ੍ਹ ਦੀ ਟੀਮ ਵਲੋਂ ਮਈ ਦਿਨ ਨੂੰ ਸਮਰਪਿਤ ਨਾਟਕ 'ਸੰਘਰਸ਼ ਦੇ ਰਾਹ 'ਤੇ', ਮੋਗਾ ਦੀ ਟੀਮ ਵਲੋਂ 'ਨਵੀਂ ਸਵੇਰ', ਚਮਕੌਰ ਸਾਹਿਬ ਦੀ ਟੀਮ ਵਲੋਂ 'ਮਿੱਟੀ ਰੁਦਨ ਕਰੇ', ਬਠਿੰਡਾ ਦੀ ਟੀਮ ਵਲੋਂ 'ਬੰਤਾ ਸਿੰਘ ਨੰਗ ਹੋ ਗਿਆ', ਮੁੱਲਾਂਪੁਰ ਦੀ ਟੀਮ ਵਲੋਂ 'ਤੇਰਾ ਨਹੀਂ ਮੇਰਾ ਹੈ' ਅਤੇ ਸਮਰਾਲਾ ਦੀ ਟੀਮ ਵਲੋਂ ਨਾਟਕ 'ਲੋਹੇ ਦੀ ਭੱਠੀ' ਪੇਸ਼ ਕੀਤੇ ਗਏ। ਪਹਿਲੇ ਚਾਰ ਨਾਟਕ ਪੇਂਡੂ ਨਾਟਕ ਸ਼ੈਲੀ ਵਿਚ ਕੀਤੇ ਗਏ। ਦਰਸ਼ਕਾਂ ਨੇ ਉਨ੍ਹਾਂ ਦਾ ਭਰਪੂਰ ਹੁੰਗਾਰਾ ਦਿੱਤਾ। 'ਤੇਰਾ ਨਹੀਂ ਮੇਰਾ ਹੈ' ਵੀ ਪੂਰੀ ਤਰ੍ਹਾਂ ਸਲਾਹਿਆ ਗਿਆ। ਸਮਰਾਲਾ ਦੀ ਟੀਮ ਵਲੋਂ ਪੇਸ਼ ਕੀਤਾ ਨਾਟਕ 'ਲੋਹੇ ਦੀ ਭੱਠੀ' ਵਾਦਵਿਵਾਦ ਦਾ ਵਿਸ਼ਾ ਬਣਿਆਂ। ਇਹ ਨਾਟਕ ਐਲਾਨ ਦੇ ਉਲਟ ਜਤਿੰਦਰ ਸਿੰਘ ਬਰਾੜ ਦੇ ਇਸੇ ਨਾਂ ਦੇ ਪ੍ਰਸਿੱਧ ਨਾਟਕ ਵਾਲਾ ਨਾਟਕ ਨਹੀਂ ਸੀ। ਨਿਰਦੇਸ਼ਕ ਨੇ ਬਰਾੜ ਦੇ ਨਾਟਕ ਦੇ ਇਕ ਪੱਖ ਨੂੰ ਹੀ ਪੇਸ਼ ਕੀਤਾ ਜਿਸ ਵਿਚ ਹੜਤਾਲ ਦੇ ਵੇਲੇ ਦੀ ਚੋਣ ਦੀ ਗੱਲ ਕੀਤੀ ਗਈ ਤੇ ਉਹ ਵੀ ਕੋਰੀਓਗਰਾਫੀ ਦੀ ਸ਼ੈਲੀ ਵਿਚ ਕੀਤੀ ਗਈ। ਪਿੱਠ ਭੂਮੀ 'ਤੇ ਗਾਏ ਕੋਰਸ ਗੀਤ ਉਤੇ ਡੀਜ਼ਾਇਨ ਕੀਤੇ ਐਕਸ਼ਨ ਖਿੱਚ ਪਾਉਂਦੇ ਸਨ ਪਰ ਇਸ ਨੂੰ ਨਾਟਕ 'ਲੋਹੇ ਦੀ ਭੱਠੀ' ਆਖਣਾ ਉਸ ਨਾਟਕੀ ਕ੍ਰਿਤ ਨਾਲ ਬੇਇਨਸਾਫੀ ਸੀ। ਕਿਸੇ ਕਹਾਣੀ ਜਾਂ ਨਾਟਕ ਦੀ ਨਾਟਕੀ ਸਕਰਿਪਟ ਬਣਾਉਣ ਵੇਲੇ ਕੁਝ ਖੁੱਲ੍ਹ ਲਈ ਜਾ ਸਕਦੀ ਹੈ ਪਰ ਜਦੋਂ ਕੋਈ ਸਾਹਿਤਕ ਕਿਰਤ ਮੂਲ ਰੂਪ ਵਿਚ ਨਾਟਕ ਹੋਵੇ ਉਹਦੇ ਨਾਲ ਖੁੱਲ੍ਹ ਲੈਣੀ ਠੀਕ ਨਹੀਂ ਕਹੀ ਜਾ ਸਕਦੀ।

9-10 ਘੰਟੇ ਚੱਲੇ ਇਸ ਸਮਾਗਮ ਨੂੰ ਜਿਸ ਤਰ੍ਹਾਂ ਲੋਕਾਂ ਨੇ ਵੱਡੀ ਗਿਣਤੀ ਵਿਚ ਹਾਜ਼ਰ ਹੋ ਕੇ ਹੁੰਗਾਰਾ ਦਿੱਤਾ ਹੈ ਉਹ ਲੋਕ ਪੱਖੀ ਕਲਾ ਦੀ ਪ੍ਰਾਪਤੀ ਹੈ।

**ਜਸਵੰਤ ਸਿੰਘ ਵਿਰਦੀ ਦੀ ਕਹਾਣੀ 'ਹਾਦਸਾ':** ਇਹ ਕਹਾਣੀ 'ਦੇਸ਼ ਸੇਵਕ' ਦੇ 28 ਅਪਰੈਲ ਦੇ ਅੰਕ ਵਿਚ ਆਈ ਹੈ। ਇਕ ਚੱਕੀਰਾਹ ਪੰਛੀਆਂ ਦਾ ਜੋੜਾ ਇਕ ਥਾਣੇਦਾਰ ਦੇ ਘਰ ਐਨਟੀਨਾ 'ਤੇ ਆ ਕੇ ਬੈਠਦਾ ਹੈ। ਐਨਟੀਨਾ ਦੀ ਤਾਰ ਟੁੱਟ ਜਾਂਦੀ ਹੈ। ਵਾਰੀ ਵਾਰੀ ਦੋਵੇਂ ਪੰਛੀ ਥਾਣੇਦਾਰ ਦੇ ਪੁੱਤਰ ਦੀ ਏਅਰਗੰਨ ਦਾ ਸ਼ਿਕਾਰ ਹੋ ਜਾਂਦੇ ਹਨ। ਪਹਿਲਾ ਖੇਡ ਖੇਡ ਵਿਚ ਤੇ ਦੂਜਾ ਬਦਲੇ ਦੀ ਭਾਵਨਾ ਵਿਚ। ਬਿਨਾਂ ਹਥਿਆਰ ਵਾਲੇ ਮਾਸੂਮ, ਹਥਿਆਰਬੰਦ ਡਾਢਿਆਂ ਦਾ ਕਿਸ ਤਰ੍ਹਾਂ ਮੁਕਾਬਲਾ ਕਰ ਸਕਦੇ ਹਨ, ਇਹ ਇਸ ਕਹਾਣੀ ਦਾ ਨਿਚੋੜ ਹੈ। ਕਈ ਪਰਤਾਂ ਵਿਚ ਵਾਪਰਦੀ ਇਹ ਇਕ ਐਸੀ ਕਹਾਣੀ ਹੈ ਜੀਹਦੇ ਸੁਹਜ ਅਤੇ ਸੰਵੇਦਨਾ ਦੇ ਗੁਣਾਂ ਕਰ ਕੇ ਕਿਸੇ ਵੀ ਜ਼ੁਬਾਨ ਸਾਹਿਤ ਨੂੰ ਫਖਰ ਹੋ ਸਕਦਾ ਹੈ। ਵਿਰਦੀ ਦੀ ਕਹਾਣੀ ਕਲਾ ਅੱਗੇ ਸਾਡਾ ਸਿਰ ਝੁਕਦਾ ਹੈ।

12-5-1996